ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦੇ ਨਿਆਂ ਵਿਭਾਗ (ਸੀ.ਆਰ.ਐਸ.) (U.S. Department of Justice Community Relations Service) (CRS)

ਮੁਸਲਿਮ, ਅਰਬੀ, ਸਿੱਖ, ਦੱਖਣੀ ਏਸ਼ੀਆਈ, ਅਤੇ ਹਿੰਦੂ ਭਾਈਚਾਰਿਆਂ

ਨਾਲ ਕੰਮ ਕਰਦਾ ਹੈ

ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦੇ ਨਿਆਂ ਵਿਭਾਗ (ਸੀ.ਆਰ.ਐਸ.) (U.S. Department of Justice Community Relations Service) (CRS) ਵੱਲੋਂ ਪੂਰੇ ਯੂ.ਐਸ. ਵਿੱਚ ਭਾਈਚਾਰਿਆਂ ਨੂੰਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਮੁਸਲਿਮ, ਅਰਬੀ, ਸਿੱਖ, ਦੱਖਣੀ ਏਸ਼ੀਆਈ, ਅਤੇ ਹਿੰਦੂ (ਮੱਸਾਹ) (MASSAH) ਸੰਸਥਾਵਾਂ ਸ਼ਾਮਲ ਹਨ, ਤਾਂ ਕਿ ਭਾਈਚਾਰੇ ਦੇ ਵਿਵਾਦਾਂ ਅਤੇ ਤਣਾਅ ਨੂੰ ਘਟਾਇਆ ਜਾ ਸਕੇ ਅਤੇ ਉਹਨਾਂ ਵੱਲੋਂ ਨਫ਼ਰਤ ਅਪਰਾਧਾਂ ਅਤੇ ਘਟਨਾਵਾਂ ਦੀ ਰੋਕਥਾਮ ਅਤੇ ਉਹਨਾਂ ਦੀ ਪ੍ਰਤਿਕ੍ਰਿਆਂ ਕਰਨ ਵਾਸਤੇ ਕੀਤੇ ਜਾ ਰਹੇ ਕੰਮਾਂ ਦਾ ਸਮਰਥਨ ਕੀਤਾ ਜਾ ਸਕੇ। ਸੀ.ਆਰ.ਐਸ. (CRS) ਵੱਲੋਂ ਕਨੂੰਨ ਅਮਲੀਕਰਨ ਸੰਸਥਾਵਾਂ, ਸਰਕਾਰ, ਅਤੇ ਹੋਰ ਭਾਈਚਾਰੇ ਦੇ ਹਿੱਸੇਦਾਰਾਂ ਸਹਿਯੋਗ ਵਿੱਚ ਮੱਸਾਹ (MASSAH) ਸਮੇਤ ਕੰਮ ਕਰਨ ਦਾ ਲੰਮਾ ਇ

ਸੀ.ਆਰ.ਐਸ. (CRS) ਵਿਵਾਦਾਂ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਵਿਵਾਦਾਂ ਦਾ ਹੱਲ ਕਰਨ ਲਈ ਵਿਚੋਲਗੀ ਕਰਕੇ ਅਤੇ ਭਵਿੱਖ ਦੇ ਵਿਵਾਦਾਂ ਦੀ ਸੁਤੰਤਰ ਤਰੀਕੇ ਨਾਲ ਰੋਕਥਾਮ ਅਤੇ ਉਹਨਾਂ ਦਾ ਨਿਵਾਰਨ ਕਰਨ ਲਈ ਭਾਈਚਾਰੇ ਦੀਆਂ ਯੋਗਤਾਵਾਂ ਨੂੰ ਵਿਕਸਿਤ ਕਰਦੇ ਹੋਏ "ਅਮਰੀਕਾ ਦੇ ਸ਼ਾਂਤੀਦੂਤ" ਵਜੋਂ ਕੰਮ ਕਰਦਾ ਹੈ।

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਅਤੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਰਡ ਜੂਨੀਅਰ ਦੇ ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ 2009, (Matthew Shepard and James Byrd, Jr., Hate Crimes Prevention Act of 2009) ਦੁਆਰਾ ਵਿਸਤਾਰ ਕੀਤਾ, ਸੀ.ਆਰ.ਐਸ. (CRS) ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ (CRS) ਕੋਲ ਕਨੂੰਨੀ ਅਮਲੀਕਰਨ ਜਾਂ ਅਦਾਲਤੀ ਕਾਰਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਬਲਕਿ, ਸੀ.ਆਰ.ਐਸ (CRS) ਸੰਬੰਧਾਂ ਦਾ ਮੁੜ-ਨਿਰਮਾਣ ਕਰਨ ਵਿੱਚ ਮਦਦ ਕਰਨ ਲਈ, ਆਪਸੀ ਸਹਿਮਤੀ ਦਾ ਸਮਰਥਨ ਕਰਨ ਲਈ, ਅਤੇ ਸਥਾਨਕ ਹੱਲਾਂ ਨੂੰ ਵਿਕਸਿਤ ਕਰਨ ਵਾਸਤੇ ਪ੍ਰੇਰਿਤ ਕਰਨ ਲਈ ਵਿਵਾਦ ਵਿੱਚ ਘਿਰੇ ਭਾਈਚਾਰਿਆਂ ਨਾਲ ਕੰਮ ਕਰਦਾ ਹੈ।

ਸੀ.ਆਰ.ਐਸ. (CRS) ਦੇ ਸਮਝੌਤਾ ਕਰਵਾਉਣ ਵਾਲੇ ਅਧਿਕਾਰੀ ਰਾਜ ਅਤੇ ਸਥਾਨਕ ਅਧਿਕਾਰੀਆਂ, ਭਾਈਚਾਰਾ-ਆਧਾਰਿਤ ਸੰਸਥਾਵਾਂ, ਭਾਈਚਾਰਾ ਅਤੇ ਨਾਗਰਿਕ ਅਧਿਕਾਰ ਵਕੀਲਾਂ, ਮਤ-ਆਧਾਰਿਤ ਸਮੂਹਾਂ, ਅਤੇ ਕਨੂੰਨ ਅਮਲੀਕਰਨ ਸੰਸਥਾਵਾਂ ਨਾਲ ਸਵੈਇੱਛਤ ਤਰੀਕੇ ਨਾਲ ਅਤੇ ਬਿਨਾਂ ਪੈਸੇ ਦੇ ਸਿੱਧੇ ਤੌਰ 'ਤੇ ਕੰਮ ਕਰਦਾ ਹੈ। ਸੀ.ਆਰ.ਐਸ. (CRS) ਇੱਕ ਨਿਰਪੱਖ-ਤੀਜੀ ਧਿਰ ਵਜੋਂ ਕੰਮ ਕਰਦਾ ਹੈ, ਅਤੇ ਇਸ ਦੀਆਂ ਸੇਵਾਵਾਂ ਮੁਫ਼ਤ ਅਤੇ ਗੁਪਤ ਹਨ।

ਸੀ.ਆਰ.ਐਸ. (CRS) ਵੱਲੋਂ ਭਾਈਚਾਰਿਆਂ ਲਈ ਚਾਰ ਵਿਲੱਖਣ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ:

ਸਮਰਥਿਤ ਗੱਲਬਾਤ। ਸਮਰਥਿਤ ਗੱਲਬਾਤਾਂ ਅਕਸਰ ਉਹਨਾਂ ਵਿਸ਼ਿਆਂ ਨੂੰ ਸੰਬੋਧਿਤ ਕਰਦੀਆਂ ਹਨ ਜਿਨ੍ਹਾਂ ਵਿੱਚ ਕਥਿਤ ਪੱਖਪਾਤ, ਪੁਲਿਸ-ਭਾਈਚਾਰੇ ਦੇ ਸੰਬੰਧ, ਨਫ਼ਰਤ ਅਪਰਾਧ ਅਤੇ ਨਫ਼ਰਤ ਸੰਬੰਧੀ ਘਟਨਾਵਾਂ, ਕਬੀਲਿਆਂ ਸੰਬੰਧੀ ਵਿਵਾਦ, ਰੋਸ ਮੁਜ਼ਾਹਰੇ ਅਤੇ ਪ੍ਰਦਰਸ਼ਨ, ਅਤੇ ਭਾਈਚਾਰੇ ਦੇ ਮੈਂਬਰਾਂ ਲਈ ਮਹੱਤਵਪੂਰਨ ਹੋਰ ਸਮੱਸਿਆਵਾਂ ਸ਼ਾਮਲ ਹਨ।

ਵਿਚੋਲਗੀ। ਸੀ.ਆਰ.ਐਸ. (CRS) ਵੱਲੋਂ ਵਿਚੋਲਗੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਹਿੱਸੇਦਾਰਾਂ ਵਿਚਕਾਰ ਆਮੋ-ਸਾਹਮਣੇ ਬੈਠ ਕੇ ਗੱਲਬਾਤ ਕਰਵਾਉਣ ਰਾਹੀਂ ਭਾਈਚਾਰਿਆਂ ਦੀ ਵਿਵਾਦਾਂ ਅਤੇ ਤਣਾਅ ਨੂੰ ਹੱਲ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ। ਵਿਚੋਲਗੀ ਦਾ ਟੀਚਾ ਭਾਈਚਾਰੇ ਦੇ ਮੈਂਬਰਾਂ ਵਿਚਕਾਰ ਲਿਖਤੀ ਸਮਝੌਤਿਆਂ ਨੂੰ ਵਿਕਸਿਤ ਕਰਨਾ ਹੈ, ਜਿਸ ਨਾਲ ਭਰੋਸਾ ਵੱਧਦਾ ਹੈ, ਭਾਈਚਾਰੇ ਦੀਆਂ ਭਾਈਵਾਲੀਆਂ ਵਿੱਚ ਸੁਧਾਰ ਆਉਂਦਾ ਹੈ, ਅਤੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਜਵਾਬ ਦੇਣ ਲਈ ਸਥਾਨਕ ਸਮਰੱਥਾ ਦਾ ਨਿਰਮਾਣ ਹੁੰਦਾ ਹੈ।

ਸਿਖਲਾਈ। ਸੀ.ਆਰ.ਐਸ. (CRS) ਦੇ ਸਿਖਲਾਈ ਪ੍ਰੋਗਰਾਮ ਰਾਜ ਅਤੇ ਸਥਾਨਕ ਸਰਕਾਰੀ ਏਜੰਸੀਆਂ, ਮਤ-ਆਧਾਰਿਤ ਸੰਸਥਾਵਾਂ, ਕਨੂੰਨ ਅਮਲੀਕਰਨ ਸੰਸਥਾਵਾਂ, ਹਿਮਾਇਤੀ ਸਮੂਹਾਂ, ਅਤੇ ਹੋਰ ਸਮੂਹਾਂ ਦੇ ਪ੍ਰਤਿਨਿਧੀਆਂ ਨੂੰ ਇੱਕ ਥਾਂ 'ਤੇ ਇਕੱਠਾ ਕਰਦੇ ਹਨ ਤਾਂ ਜੋ ਸਮਾਨ ਸਮਝ ਵਿਕਸਿਤ ਕੀਤੀ ਜਾ ਸਕੇ ਅਤੇ ਭਾਈਚਾਰੇ ਦੇ ਵਿਵਾਦਾਂ ਨੂੰ ਠਲ੍ਹ ਪਾਉਣ ਲਈ ਸਹਿਯੋਗੀ ਵਿਧੀਆਂ ਦੀ ਪਛਾਣ ਕੀਤੀ ਜਾ ਸਕੇ।

ਸਲਾਹ-ਮਸ਼ਵਰਾ। ਸੀ.ਆਰ.ਐਸ. (CRS) ਸਲਾਹ-ਮਸ਼ਵਰੇ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ ਤਾਂ ਕਿ ਭਾਈਚਾਰਿਆਂ ਦੇ ਵਿਵਾਦਾਂ ਦਾ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਜਵਾਬ ਦੇਣ ਵਿੱਚ ਮਦਦ ਕੀਤੀ ਜਾ ਸਕੇ। ਇਨ੍ਹਾਂ ਸੇਵਾਵਾਂ ਵਿੱਚ ਮਨੁੱਖੀ ਸੰਬੰਧ ਕਮਿਸ਼ਨਾਂ ਦੇ ਗਠਨ ਵਿਚ ਤਕਨੀਕੀ ਸਹਾਇਤਾ ਕਰਨਾ; ਬਹੁਭਾਂਤੀ ਭਾਈਚਾਰਿਆਂ ਦੀ ਸ਼ਮੂਲੀਅਤ ਕਰਵਾਉਣ ਲਈ ਬਿਹਤਰੀਨ ਪ੍ਰਥਾਵਾਂ; ਅਤੇ ਸੰਚਾਰ, ਵਿਵਾਦ ਹੱਲ ਕਰਨ, ਅਤੇ ਸਾਂਝੇ ਸਮੱਸਿਆ-ਨਿਵਾਰਨ ਦੀਆਂ ਸਮੱਸਿਆਵਾਂ ਬਾਰੇ ਕੋਚਿੰਗ ਚਾਮਲ ਹੈ।

ਸੀ.ਆਰ.ਐਸ. (CRS) ਮੱਸਾਹ (MASSAH) ਭਾਈਚਾਰਿਆਂ ਦਾ ਸਮਰਥਨ ਕਰਦਾ ਹੈ:

ਸੀ.ਆਰ.ਐਸ. (CRS) ਮੱਸਾਹ (MASSAH) ਭਾਈਚਾਰਿਆਂ ਨਾਲ ਕੰਮ ਕਰਨ ਲਈ ਵਚਨਬੱਧ ਹੈ ਤਾਂ ਕਿ ਵਿਵਾਦਾਂ, ਤਣਾਅ, ਨਫ਼ਰਤ ਅਪਰਾਧਾਂ ਅਤੇ ਨਫ਼ਰਤ ਸੰਬੰਧੀ ਘਟਨਾਵਾਂ ਦੀ ਰੋਕਥਾਮ ਕੀਤੀ ਜਾ ਸਕੇ ਅਤੇ ਉਹਨਾਂ ਦਾ ਜਵਾਬ ਦਿੱਤਾ ਜਾ ਸਕੇ। ਵਿੱਤੀ ਸਾਲ 2017 ਵਿੱਚ, ਮੱਸਾਹ (MASSAH) ਭਾਈਚਾਰਿਆਂ ਲਈ ਸੀ.ਆਰ.ਐਸ. (CRS) ਦੇ ਰਾਸ਼ਟਰੀ ਪ੍ਰੋਗਰਾਮ ਪ੍ਰਬੰਧਕ ਵੱਲੋਂ ਪੂਰੇ ਦੇਸ਼ ਵਿੱਚ, ਈਸਟ ਕੋਸਟ (ਨਿਊ ਯਾਰਕ ਅਤੇ ਪੈਨਸਿਲਵੇਨੀਆ) ਤੋਂ ਲੈ ਕੇ, ਮਿਡਵੈਸਟ (ਇਓਵਾ, ਨੇਬਰਾਸਕਾ, ਕੈਨਸਾਸ, ਅਤੇ ਸਾਊਥ ਡੈਕੋਟਾ) ਤੱਕ, ਅਤੇ ਵੈਸਟ ਕੋਸਟ (ਵਾਸ਼ਿੰਗਟਨ ਅਤੇ ਓਰੇਗਨ) ਤੱਕ ਨਫ਼ਰਤ ਅਪਰਾਧ ਸੰਬੰਧੀ ਫੋਰਮ ਕਰਵਾਉਣ ਦੀ ਸਹੂਲਤ ਪ੍ਰਦਾਨ ਕੀਤੀ ਗਈ।

ਮੱਸਾਹ (MASSAH) ਭਾਈਚਾਰਿਆਂ ਵਿੱਚ ਚਾਰ ਸੀ.ਆਰ.ਐਸ. (CRS) ਪ੍ਰੋਗਰਾਮ ਵਿਆਪਕ ਰੂਪ ਵਿੱਚ ਅਪਨਾਏ ਗਏ ਹਨ:

ਅਮਰੀਕਨ ਸਿੱਖਾਂ ਅਤੇ ਅਮਰੀਕੀ ਮੁਸਲਿਮਾਂ ਨਾਲ ਭਾਈਵਾਲੀਆਂ ਬਣਾਉਣਾ ਅਤੇ ਉਹਨਾਂ ਦੀ ਸ਼ਮੂਲੀਅਤ ਵਧਾਉਣਾ। ਸੀ.ਆਰ.ਐਸ. (CRS) ਵੱਲੋਂ ਅਮਰੀਕੀ ਮੁਸਲਿਮ ਅਤੇ ਅਮਰੀਕੀ ਸਿੱਖ ਭਾਈਚਾਰਿਆਂ ਸੰਬੰਧੀ ਜਾਗਰੂਕਤਾ ਪ੍ਰੋਗਰਾਮਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਜਿਨ੍ਹਾਂ ਦਾ ਉਦੇਸ਼ ਕਨੂੰਨ ਅਮਲੀਕਰਨ ਅਤੇ ਸਰਕਾਰੀ ਏਜੰਸੀਆਂ ਨੂੰ ਅਮਰੀਕੀ ਸਿੱਖ ਅਤੇ ਮੁਸਲਿਮ ਭਾਈਚਾਰਿਆਂ ਨਾਲ ਸਫਲਤਾਪੂਰਵਕ ਅੰਤਰਕਿਰਿਆਵਾਂ ਕਰਨ ਲਈ ਬਿਹਤਰੀਨ ਪ੍ਰਥਾਵਾਂ ਨਾਲ ਜਾਣੂ ਕਰਵਾਉਣਾ ਹੈ। ਇਹ ਸਿਖਲਾਈ ਸਥਾਨਕ ਅਧਿਕਾਰੀਆਂ ਅਤੇ ਮੁਸਲਿਮ ਅਤੇ ਸਿੱਖ ਭਾਈਚਾਰਿਆਂ ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ ਉਹਨਾਂ ਵਿਚਕਾਰ ਸੰਬੰਧਾਂ ਨੂੰ ਮਜ਼ਬੂਤ ਕਰਨ ਦੀ ਇੱਕ ਵਿਆਪਕ ਪਹਿਲ ਦੇ ਹਿੱਸੇ ਵਜੋਂ ਵੀ ਦਿੱਤੀ ਜਾ ਸਕਦੀ ਹੈ।

ਪੱਖ-ਪਾਤ ਵਾਲੀਆਂ ਘਟਨਾਵਾਂ ਅਤੇ ਨਫ਼ਰਤ ਅਪਰਾਧਾਂ ਸੰਬੰਧੀ ਫੋਰਮ। ਇਹ ਅੱਧੇ ਦਿਨ ਦਾ ਫੋਰਮ ਭਾਈਚਾਰੇ ਦੇ ਮੈਂਬਰਾਂ ਅਤੇ ਕਨੂੰਨ ਅਮਲੀਕਰਨ ਸੰਸਥਾਵਾਂ ਨੂੰ ਮੈਥਿਊ ਸ਼ੈਫ਼ਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act) ਨਾਲ ਸੰਬੰਧਿਤ ਜਾਣਕਾਰੀ, ਅਤੇ ਨਾਲ ਹੀ ਰਾਜ ਅਤੇ ਸਥਾਨਕ ਪੱਖਪਾਤੀ ਘਟਨਾਵਾਂ ਅਤੇ ਨਫ਼ਰਤ ਅਪਰਾਧ ਕਨੂੰਨਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਪ੍ਰੋਗਰਾਮ ਸਥਾਨਕ ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਜ਼ਿਲ੍ਹਾ ਅਟਾਰਨੀਆਂ, ਅਤੇ ਨਾਲ ਹੀ ਫੈਡਰਲ ਕਨੂੰਨ ਅਮਲੀਕਰਨ ਸੰਸਥਾਵਾਂ ਨੂੰ ਵਿਚਾਰ ਵਿਟਾਂਦਰਿਆਂ ਵਿੱਚ ਅਤੇ ਪੱਖਪਾਤੀ ਘਟਨਾਵਾਂ ਅਤੇ ਨਫ਼ਰਤ ਅਪਰਾਧਾਂ ਨਾਲ ਨਜਿੱਠਣ ਅਤੇ ਉਹਨਾਂ ਦਾ ਜਵਾਬ ਦੇਣ ਦੇ ਤਰੀਕਿਆਂ ਬਾਰੇ ਜਾਣਕਾਰੀ ਸਾਂਝਾ ਕਰਨ ਵਿੱਚ ਸ਼ਾਮਲ ਕਰਦਾ ਹੈ। ਸੀ.ਆਰ.ਐਸ. (CRS) ਵੱਲੋਂ ਗੈਰ-ਰਸਮੀ ਭਾਈਚਾਰਾ ਜਾਗਰੂਕਤਾ ਫੋਰਮ ਅਤੇ ਜਾਣਕਾਰੀ ਪ੍ਰਦਾਨ ਕਰਨ ਵਾਲੇ ਸੈਸ਼ਨ ਵੀ ਕਰਵਾਏ ਜਾਂਦੇ ਹਨ ਤਾਂ ਕਿ ਭਾਈਚਾਰਾ ਸਮੂਹਾਂ ਅਤੇ ਫੈਡਰਲ, ਰਾਜ ਅਤੇ/ਜਾਂ ਸਥਾਨਕ ਕਨੂੰਨ ਅਮਲੀਕਰਨ ਜਾਂ ਹੋਰ ਸਰਕਾਰੀ ਏਜੰਸੀਆਂ ਵਿਚਕਾਰ ਸੰਬੰਧਾਂ ਨੂੰ ਮਜ਼ਬੂਤ ਕੀਤਾ ਜਾ ਸਕੇ।

ਧਰਮ ਸਥਾਨਾਂ ਦੀ ਸੁਰੱਖਿਆ ਸੰਬੰਧੀ ਫੋਰਮ। ਇਹ ਅੱਧੇ ਦਿਨ ਦਾ ਫੋਰਮ ਮਤ-ਆਧਾਰਿਤ ਆਗੂਆਂ ਅਤੇ ਸਮੂਹਾਂ ਨੂੰ ਧਾਰਮਿਕ ਨਫ਼ਰਤ ਅਪਰਾਧਾਂ, ਸਥਾਨਕ, ਰਾਜ ਅਤੇ ਫੈਡਰਲ ਕਨੂੰਨ ਅਮਲੀਕਰਨ ਖਤਰਿਆਂ ਦੇ ਮੁਲਾਂਕਣ, ਅਤੇ ਧਰਮ ਸਥਾਨਾਂ ਨੂੰ ਸੰਭਾਵੀ ਨਫ਼ਰਤ ਅਪਰਾਧਾਂ ਅਤੇ ਹਿੰਸਾ ਦੇ ਹੋਰ ਖਤਰਿਆਂ ਤੋਂ ਬਚਾਉਣ ਲਈ ਪੜਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਪ੍ਰੋਗਰਾਮ ਇੱਕ ਸੁਰੱਖਿਆ ਪ੍ਰੋਗਰਾਮ ਲਾਗੂ ਕਰਨ ਲਈ ਪ੍ਰੇਰਿਤ ਕਰਦਾ ਹੈ, ਸੁਰੱਖਿਆ ਲਈ ਬਿਹਤਰੀਨ ਪ੍ਰਥਾਵਾਂ ਪ੍ਰਦਾਨ ਕਰਦਾ ਹੈ, ਨੈੱਟਵਰਕਿੰਗ ਅਤੇ ਭਾਈਚਾਰੇ ਤੱਕ ਪਹੁੰਚ ਬਣਾਉਣ ਦਾ ਕੰਮ ਕਰਦਾ ਹੈ, ਅਤੇ ਸੁਰੱਖਿਆ ਯੋਜਨਾ ਦੀਆਂ ਉਦਾਹਰਨਾਂ ਅਤੇ ਭਾਈਚਾਰੇ ਦੀਆਂ ਪ੍ਰਤੀਕਿਰਿਆਵਾਂ ਵਰਗੇ ਸਰੋਤ ਪ੍ਰਦਾਨ ਕਰਦਾ ਹੈ।

ਸਮੱਸਿਆਵਾਂ ਨੂੰ ਇਕੱਠੇ ਮਿਲ ਕੇ ਹੱਲ ਕਰਨ ਲਈ ਚਲਾਏ ਸ਼ਹਿਰ ਜਾਂ ਸਕੂਲ-ਸਮੱਸਿਆ ਪਛਾਣ ਅਤੇ ਸਮਾਧਾਨ (City-SPIRIT and School SPIRIT) ਪ੍ਰੋਗਰਾਮ: ਇਹ ਅੱਠ ਘੰਟਿਆਂ ਦਾ ਸਮੱਸਿਆ-ਨਿਵਾਰਨ ਅਤੇ ਪ੍ਰਸਤਾਵ ਪ੍ਰੋਗਰਾਮ ਸਥਾਨਕ ਸਰਕਾਰ, ਭਾਈਚਾਰਿਆਂ, ਮਤ-ਆਧਾਰਿਤ ਸੰਸਥਾਵਾਂ, ਕਨੂੰਨ ਅਮਲੀਕਰਨ ਸੰਸਥਾਵਾਂ, ਅਤੇ ਹੋਰਾਂ ਦੇ ਪ੍ਰਤਿਨਿਧੀਆਂ ਨੂੰ ਇੱਕ ਥਾਂ 'ਤੇ ਇਕੱਠੇ ਕਰਦਾ ਹੈ ਤਾਂ ਜੋ ਉਹਨਾਂ ਠੋਸ ਕਾਰਵਾਈਆਂ ਜੋ ਧਿਰਾਂ ਇਕੱਠੇ ਮਿਲ ਕੇ ਕਰਨ ਲਈ ਤਿਆਰ ਹਨ, ਨੂੰ ਪਛਾਣ ਕੇ ਤਣਾਅ ਨੂੰ ਘਟਾਇਆ ਜਾ ਸਕੇ ਅਤੇ ਵਿਵਾਦਾਂ ਵਿੱਚ ਹਿੱਸਾ ਪਾ ਰਹੇ ਕਾਰਕਾਂ ਨੂੰ ਸੰਬੋਧਿਤ ਕੀਤਾ ਜਾ ਸਕੇ।

ਸੀ.ਆਰ.ਐਸ.(CRS) ਰਾਸ਼ਟਰੀ ਪੱਧਰ 'ਤੇ ਦਸ ਖੇਤਰੀ ਦਫ਼ਤਰਾਂ ਅਤੇ ਚਾਰ ਫੀਲਡ ਦਫ਼ਤਰਾਂ ਤੋਂ ਕੰਮ ਕਰਦਾ ਹੈ:

ਅਸੀਂ ਕਿੱਥੇ ਕੰਮ ਕਰਦੇ ਹਾਂ

ਸੀ.ਆਰ.ਐਸ.(CRS) ਹੈੱਡਕੁਆਰਟਰ
ਵਾਸ਼ਿੰਗਟਨ, ਡੀ.ਸੀ.

ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ

ਨਿਊ ਇੰਗਲੈਂਡ
ਬਾਸਟਨ, ਮੈਸਾਚੂਸੇਟਸ

ਮਿਡਵੈਸਟ
ਸ਼ਿਕਾਗੋ, ਇੰਲੀਨਾਏ

ਵੈਸਟਰਨ
ਲਾਸ ਐਂਜਲਿਸ, ਕੈਲੀਫੋਰਨੀਆ

ਨਾਰਥਈਸਟ
ਨਿਊ ਯਾਰਕ, ਨਿਊ ਯਾਰਕ

ਸਾਊਥਵੈਸਟ
ਡੈਲਾਸ, ਟੈਕਸਸ

ਨਾਰਥਵੈਸਟ
ਸੀਐਟਲ, ਵਾਸ਼ਿੰਗਟਨ

ਮਿਡ-ਅਟਲਾਂਟਿਕ
ਫ਼ਿਲਾਡੈਲਫਿਆ, ਪੈਨਸਿਲਵੇਨਿਆ

ਸੈਂਟਰਲ
ਕੈਨਸਾਸ ਸਿਟੀ, ਮਿਜ਼ੂਰੀ

ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ

ਸਾਊਥਈਸਟ
ਅਟਲਾਂਟਾ, ਜਾਰਜੀਆ

ਰੋਕੀ ਮਾਊਂਟੇਨ
ਡੈਨਵਰ, ਕੋਲੋਰਾਡੋ

ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸੀਗਨ

ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ



ਸੀ.ਆਰ.ਐਸ. (CRS) ਸੇਵਾਵਾਂ ਬਾਰੇ ਹੋਰ ਜਾਣਕਾਰੀ ਲਈ:
ਕਿਰਪਾ ਕਰਕੇ ਸਾਨੂੰ 202-305-2935 'ਤੇ ਕਾਲ ਕਰੋ, askcrs@usdoj.gov 'ਤੇ ਈ-ਮੇਲ ਕਰੋ ਜਾਂ ਇਸ ਵੈੱਬਸਾਈਟ 'ਤੇ ਜਾਓ: www.justice.gov/crs

@DOJ_CRS
facebook.com/DOJCRS/

ਕਿਸੇ ਨਫ਼ਰਤ ਅਪਰਾਧ ਨੂੰ ਰਿਪੋਰਟ ਕਰਨ ਲਈ, ਕਿਰਪਾ ਕਰਕੇ ਆਪਣੇ ਸਥਾਨਕ ਐਫ.ਬੀ.ਆਈ. (FBI) ਫੀਲਡ ਦਫ਼ਤਰ ਨਾਲ ਸੰਪਰਕ ਕਰੋ:
https://www.fbi.gov/contact-us/field-offices